# Simla Chandigarh Diocese

Bishop's House, P.O. Box No: 709, Sector 19-A Chandigarh - 160 019, INDIA.

**† Ignatius L. Mascarenhas**
Bishop of Simla-Chandigarh

TEL: 0172-2775777, 2773777
FAX: 0172-2781630
EMAIL: bpignatius@gmail.com


Ref. DSC/Cir. 06/2024 24.07.2024

ਸ਼ਿਮਲਾ ਚੰਡੀਗੜ੍ਹ ਧਰਮ ਪ੍ਰਾਂਤ ਦੇ ਸਾਰੇ ਪੁਰੋਹਿਤਾਂ, ਧਰਮ-ਭੈਣਾਂ ਅਤੇ ਬਿਸਵਾਸ ਸੰਗਤ ਦੇ ਲਈ।

ਮਸੀਹ ਵਿੱਚ ਪਿਆਰੇ ਭੈਣੋ ਤੇ ਭਰਾਓ

ਸਾਰਿਆਂ ਨੂੰ ਜੈ ਯਿਸੂ ਦੀ।

"ਯਾਤਰੀ ਕਲੀਸੀਆ ਆਪਣੇ ਸੁਭਾਅ ਰਾਹੀ ਮਿਸ਼ਨਰੀ ਹੈ (AG.#2)।" ਇਸ ਕਰਕੇ, ਕਲੀਸੀਆ ਜੋ ਖੁਦਾ ਦੇ ਤੀਰਥ ਯਾਤਰੀ ਲੋਕ ਹਨ, ਬੜੇ ਸਰਗਰਮੀ ਨਾਲ ਜੀ ਉਠੇ ਪ੍ਰਭੂ ਯਿਸੂ ਦੇ ਮਿਸ਼ਨ ਕੰਮ ਨੂੰ ਜਾਰੀ ਰੱਖਦੇ ਹਨ। ਸੀਨਡ ਯਾਤਰਾ ਦੇ ਤਿੰਨ ਸਾਲ, ਇੱਕ ਵੱਡੇ ਪੈਮਾਨੇ 'ਤੇ, ਸਲਾਹ-ਮਸ਼ਵਰੇ, ਗੰਭੀਰ ਸੋਚ ਵਿਚਾਰ ਅਤੇ ਪ੍ਰਾਰਥਨਾ ਦੇ ਰਾਹੀਂ ਫੈਸਲਾ ਕਰਦੇ ਹੋਏ ਇੱਕ ਦੂਜੇ ਦੇ ਨਾਲ, ਸਾਂਝੇਦਾਰੀ, ਸਹਭਾਗਿਤਾ ਅਤੇ ਮਿਸ਼ਨ ਦੇ ਰਾਹ ਤੇ ਮਿਲ ਕੇ ਚੱਲਣ ਦਾ ਸਮਾਂ ਸੀ।

ਹੁਣ ਉਹ ਸਮਾਂ ਆ ਗਿਆ ਹੈ ਜਦੋਂ ਜੋ ਕੁਝ ਵੀ ਅਸੀਂ ਸੁਣੇ ਹਾਂ, ਸੋਚ ਵਿਚਾਰ ਕੀਤੇ ਹਾਂ ਅਤੇ ਸਾਂਝੇ ਕੀਤੇ ਹਾਂ ਉਸਨੂੰ ਆਪਣੇ ਸੇਵਕਾਈ ਵਿੱਚ ਫਲਦਾਈ ਬਣਾਈਏ। ਇਸ ਦੇ ਲਈ ਮੈਂ ਤੁਸੀਂ ਸਾਰੀਆਂ ਨੂੰ ਅਪੀਲ ਕਰਦਾ ਹਾਂ ਕਿ, ਸੀ ਸੀ ਬੀ ਆਈ ਦੀ ਯੋਜਨਾ "ਮਿਸ਼ਨ 2033:ਸਿਨੋਡਲ ਚਰਚ ਵੱਲ ਯਾਤਰਾ" ਨੂੰ ਨਜ਼ਰ ਵਿੱਚ ਰੱਖਦੇ ਹੋਏ ਆਪਣੇ ਧਰਮ ਪ੍ਰਾਂਤ ਦੇ ਲਈ ਜੋ ਯੋਜਨਾ ਬਣਾਏ ਹਾਂ ਉਸ ਨੂੰ ਲਾਗੂ ਕੀਤਾ ਜਾਵੇ।

ਅਸੀਂ ਆਪਣੇ ਆਪ ਨੂੰ 2025 ਦੇ ਪਵਿੱਤਰ ਸਾਲ, ਉਮੀਦ ਦੇ ਸਾਲ ਲਈ ਤਿਆਰ ਕਰ ਰਹੇ ਹਾਂ। ਹੁਣ ਇਹ ਸਮਾਂ ਹੈ ਕਿ ਇਸ ਜੁਬਲੀ ਸਾਲ ਦੇ ਦੌਰਾਨ ਇਹਨਾਂ ਯੋਜਨਾਵਾਂ ਨੂੰ ਪੈਰਿਸਾਂ, ਡੀਨਰੀ ਅਤੇ ਡਾਇਓਸੀਸ ਪੱਧਰ 'ਤੇ ਲਾਗੂ ਕਰੀਏ। ਇਨਾ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਸਾਡੀ ਭਾਗੀਦਾਰੀ ਅਤੇ ਯੋਗਦਾਨ ਸਾਡੇ ਧਰਮ-ਪ੍ਰਾਂਤ ਨੂੰ ਸਹਿਭਾਗੀ ਕਲੀਸੀਆ ਬਣਾ ਦੇਵੇਗਾ।

17 ਜੁਲਾਈ, 2024 ਨੂੰ ਡਾਇਓਸੀਸਨ ਪਾਸਟੋਰਲ ਕੌਂਸਲ ਦੀ ਮੀਟਿੰਗ ਹੋਈ ਜਿਸਦਾ ਵਿਸ਼ਾ ਸੀ, "ਡਿਜ਼ੀਟਲ ਯੁੱਗ ਵਿੱਚ ਚਰਚ ਦਾ ਮਿਸ਼ਨ। ਫਾਦਰ ਜੂਲੀਅਨ ਪ੍ਰਦੀਪ SDB ਜੀ, ਡਿਜੀਟਲ ਯੁੱਗ ਦੀ ਮਹੱਤਤਾ ਅਤੇ ਆਧੁਨਿਕ ਯੁੱਗ ਵਿੱਚ ਮਿਸ਼ਨ ਪ੍ਰਤੀ ਸਾਡੀ ਵਚਨਬੱਧਤਾ ਬਾਰੇ ਸਾਨੂੰ ਜਾਣੂ ਕਰਾਇਆ।

ਇਸ ਵਿਸ਼ੇ ਉੱਤੇ ਸਮੂਹਿਕ ਚਰਚਾ ਦੇ ਵਿੱਚ ਇਹ ਸੁਝਾਅ ਦਿੱਤਾ ਗਿਆ ਕਿ, ਮੀਡੀਆ ਟੇਕਨਾਲੋਜੀ ਦੇ ਰਾਹੀਂ ਅਸੀਂ, ਸਾਡੇ ਮਾਪਿਆਂ, ਨੌਜਵਾਨਾਂ ਅਤੇ ਬੱਚਿਆਂ ਨੂੰ ਤਾਲੀਮ ਦੀ ਸਿੱਖਿਆ ਦੇ ਸਕਦੇ ਹਾਂ। ਇਸ ਲਈ, ਆਉਣ ਵਾਲੇ ਮਹੀਨਿਆਂ ਲਈ ਸਾਡਾ ਕਾਰਜ ਯੋਜਨਾ ਚੁਣਿਆ ਗਿਆ, ਮੀਡੀਆ ਦੀ ਸਿੱਖਿਆ ਅਤੇ ਪ੍ਰਚਾਰ, ਜਿਸ ਦਾ ਵਿਸ਼ਾ ਹੋਵੇਗਾ, "ਡਿਜੀਟਲ ਯੁੱਗ: ਵਿਸ਼ਵਾਸ ਦੇ ਨਿਰਮਾਣ ਵੱਲ ਮਾਪਿਆਂ, ਨੌਜਵਾਨਾਂ ਅਤੇ ਬੱਚਿਆਂ ਦੀ ਤਾਲੀਮ"।

ਮੀਡੀਆ ਕਮਿਸ਼ਨ ਅਤੇ ਏਵੀਂਜਲਾਈਜ਼ੇਸ਼ਨ ਦੇ ਜੋ ਸੰਚਾਲਕ ਹਨ, ਉਹ ਸਾਡੇ ਪਰਿਵਾਰਾਂ ਨੂੰ ਮਸੀਹੀ ਤਾਲੀਮ ਵਿੱਚ ਉਤਸ਼ਾਹਿਤ ਕਰਨ ਲਈ ਰਚਨਾਤਮਕ ਢੰਗਾਂ ਨਾਲ ਸੈਮੀਨਾਰ, ਟਰੇਨਿੰਗ, ਸਮਾਗਮਾਂ, ਨਾਟਕਾਂ ਆਦਿ ਦਾ ਆਯੋਜਨ ਕਰਨਗੇ। ਇਸ ਦੇ ਨਾਲ ਹੀ, ਮੈਂ ਸਾਰੇ ਡੀਨ ਅਤੇ ਵੱਖ-ਵੱਖ ਕਮਿਸ਼ਨਾਂ ਦੇ ਡਾਇਰੈਕਟਰਾਂ/ਨਿਰਦੇਸ਼ਕਾਂ ਨੂੰ ਅਪੀਲ ਕਰਦਾ ਹਾਂ, ਕਿ 9 ਜੁਲਾਈ 2024 ਨੂੰ ਹੋਈ ਕਮਿਸ਼ਨ ਡਾਇਰੈਕਟਰਾਂ/ਨਿਰਦੇਸ਼ਕਾਂ ਦੀ ਬੈਠਕ ਵਿੱਚ ਜੋ ਫੈਸਲਾ ਕੀਤਾ ਗਿਆ ਸੀ, ਉਸ ਦਾ ਇੱਕ ਠੋਸ ਕਾਰਜ ਯੋਜਨਾ ਬਣਾਇਆ ਜਾਵੇ ਅਤੇ ਸਾਰੇ ਪੈਰੀਸ਼, ਡੀਨਰੀ ਅਤੇ ਧਰਮ-ਪ੍ਰਾਂਤ ਵਿੱਚ ਉਸਨੂੰ ਲਾਗੂ ਕੀਤਾ ਜਾਵੇ।

ਮੈਂ ਵੱਖ-ਵੱਖ ਕਮਿਸ਼ਨਾਂ ਦੇ ਡਾਇਰੈਕਟਰਾਂ/ਨਿਰਦੇਸ਼ਕਾਂ ਨੂੰ ਅਪੀਲ ਕਰਦਾ ਹਾਂ, ਕਿ ਤੁਸੀਂ ਆਪਣੇ ਕਮਿਸ਼ਨ ਦੇ ਕਾਰਜ ਯੋਜਨਾ ਦਾ ਇੱਕ ਰਿਕਾਰਡ ਰੱਖੋ ਅਤੇ ਆਪਣੇ ਕਮਿਸ਼ਨ ਦਾ ਸੰਖਿਪਤ ਬੇਰਵਾ, ਫੋਟੋ ਅਤੇ ਵੀਡੀਓ ਦੇ ਨਾਲ Fr. Vianney ਨੂੰ ਮੈਗਜੀਨ ਦੇ ਲਈ ਦੇਵੇ।

ਮੈਂ ਤੁਸੀਂ ਸਾਰਿਆਂ ਦਾ, ਜੋ ਪਾਸਟੋਰਲ ਕਾਉਂਸਲ ਦੀ ਮੀਟਿੰਗ ਦੇ ਲਈ 17 ਜੁਲਾਈ 2024 ਨੂੰ ਆਏ ਸੀ, ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਅਸਲ ਦੇ ਵਿੱਚ ਇਹ ਮੀਟਿੰਗ ਹੁਣ ਤੱਕ ਦੀ ਪਾਸਟੋਰਲ ਕਾਉਂਸਲ ਦੀ ਮੀਟਿੰਗ ਦਾ ਸਭ ਤੋਂ ਵੱਡਾ ਇਕੱਠ ਸੀ।

ਪ੍ਰਭੂ ਦੇ ਮਿਸ਼ਨ ਕਾਰਜ ਦੇ ਵਿੱਚ ਤੁਹਾਡੇ ਉਤਸ਼ਾਹ ਲਈ ਮੈਂ ਤੁਸੀਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਅਤੇ ਇਸ ਯਾਤਰਾ ਦੇ ਵਿੱਚ ਮੈਂ ਤੁਸੀਂ ਸਾਰਿਆਂ ਨੂੰ ਪ੍ਰਭੂ ਦੇ ਹੱਥਾਂ ਵਿੱਚ ਸੌਂਪ ਦਿੰਦਾ ਹਾਂ।

+Ignatius L. Mascarenhas
Bishop of Simla-Chandigarh

Ignatius L. Mascarenhas
Bishop of Simla-Chandigarh